ਨੰ : ਸੀ.ਸਹਾਇਕ (ਅਮਲਾ)/ਆਰ.ਟੀ.ਆਈ.ਅਪੀਲ/ਸੰ:ਰ:ਜ:/870 ਮਿਤੀ : 21-10-2020
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਡਾਇਰੀ ਨੰ. 1528
ਮਿਤੀ 23.11.20
ਪੇਸ਼ੀ ਸ਼ਾਖਾ

ਸੇਵਾ ਵਿਖੇ,

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ।

19 NOV 2020
4725

ਵਿਸ਼ਾ :- ਆਰ.ਟੀ.ਆਈ.ਐਕਟ-2005 ਤਹਿਤ ਦਾਇਰ ਕੀਤੀ ਗਈ ਅਪੀਲ ਦਾ ਫੈਸਲਾ ਆੱਨ-ਲਾਈਨ ਕਰਨ ਬਾਰੇ।

ਹਵਾਲਾ :- ਮੁੱਖ-ਦਫਤਰ ਵਲੋਂ ਜਾਰੀ ਪੱਤਰ ਨੰ : ਰਸਸ/ ਪੇਸ਼ੀ ਸ਼ਾਖਾ/ ਕੋਰਟ ਕੇਸ/ 5246, ਮਿਤੀ : 28.07.2020.

**ਯਾਦ ਪੱਤਰ :**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸੁਖਵਿੰਦਰ ਸਿੰਘ ਸਿਆਣ, ਪਿੰਡ ਅਤੇ ਡਾਕਖਾਨਾ ਜਗਤਪੁਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਸੀ। ਇਸ ਅਪੀਲ ਦਾ ਫੈਸਲਾ ਇਸ ਅਦਾਲਤ ਵਲੋਂ ਮਿਤੀ : 25.09.2020 ਨੂੰ ਕਰ ਦਿੱਤਾ ਗਿਆ ਹੈ।

ਡਾਇਰੈਕਟੋਰੇਟ, ਪ੍ਰਸ਼ਾਸਨਿਕ ਸੁਧਾਰ, ਪੰਜਾਬ (ਆਰ.ਟੀ.ਆਈ.ਨੋਡਲ ਸੈਲ-ਪੰਜਾਬ ਸਿਵਲ ਸਕੱਤਰੇਤ-2) ਸੈਕਟਰ-9, ਚੰਡੀਗੜ ਜੀ ਵਲੋਂ ਜਾਰੀ ਪੱਤਰ ਨੰ : ਅੰ.ਵਿ ਪੰ ਨੰ: 51/8/2014/2 ਆਰ.ਟੀ.ਆਈ.ਐਨ.ਸੀ./ 162, ਮਿਤੀ : 29.06.2015, ਜੋ ਮੁੱਖ-ਦਫਤਰ ਦੇ ਪਿੱਠ ਅੰਕਣ ਨੰ : ਅਮਲਾ/ ਅਸਗ-2/ ਆਰ.ਟੀ.ਆਈ./ 7698, ਮਿਤੀ : 29.06.2015 ਰਾਹੀਂ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਸੁਖਵਿੰਦਰ ਸਿੰਘ ਸਿਆਣ (ਅਪੀਲਕਰਤਾ) ਵਲੋਂ ਦਾਇਰ ਕੀਤੀ ਗਈ ਅਪੀਲ ਅਤੇ ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਮਿਤੀ : 25.09.2020 ਦੀ ਤਸਦੀਕਸ਼ੁਦਾ ਕਾਪੀ ਇਸ ਪੱਤਰ ਨਾਲ ਨੱਥੀ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਦਸਤਾਵੇਜ਼ ਵਿਭਾਗ ਦੀ ਵੈਬ-ਸਾਈਟ ਤੇ ਆੱਨ-ਲਾਈਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਸਹਿਪੱਤਰ/ ਉਪਰੋਕਤ ਅਨੁਸਾਰ।

ਸੰਯੁਕਤ ਰਜਿਸਟਰਾਰ
(ਐਪੀਲਾਂਟ ਅਥਾਰਟੀ)
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

/

ਨੰ : ਸੀ.ਸਹਾਇਕ (ਅਮਲਾ)/ ਸੰ:ਰ:ਜ:/ 4629 ਮਿਤੀ : 14-10-2020
ਵਲੋਂ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਵੱਲ,

1. ਸ੍ਰੀ ਸੁਖਵਿੰਦਰ ਸਿੰਘ ਸਿਆਣ,
   ਪਿੰਡ ਅਤੇ ਡਾਕਖਾਨਾ ਜਗਤਪੁਰ,
   ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।
2. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ),
   ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ।

ਵਿਸ਼ਾ :- ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 19 ਤਹਿਤ ਅਪੀਲ (ਵਲੋਂ ਸ੍ਰੀ ਸੁਖਵਿੰਦਰ ਸਿੰਘ ਸਿਆਣ)।

ਹਾਜਰੀ ਮਿਤੀ : 25.09.2020 :

ਸ੍ਰੀ ਹਰਸੁਖਜੀਤ ਸਿੰਘ, ਜੂਨੀਅਰ ਸਹਾਇਕ,
ਦਫਤਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਹੁਸ਼ਿਆਰਪੁਰ।

ਹੁੱਕਮ :

ਮਿਸਲ ਸੁਣਵਾਈ ਲਈ ਪੇਸ਼ ਹੋਈ। ਇਹ ਅਪੀਲ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ ਦੇ ਪੱਤਰ ਨੰ : ਰਸਸ/ ਪੇਸ਼ੀ ਸ਼ਾਖਾ/ ਕੋਰਟ ਕੇਸ/ 5246, ਮਿਤੀ : 28.07.2020 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 6(3) ਤਹਿਤ ਇਸ ਦਫਤਰ ਨੂੰ ਨਿਪਟਾਰੇ ਹਿੱਤ ਪ੍ਰਾਪਤ ਹੋਈ। ਅਪੀਲ ਅਨੁਸਾਰ ਪ੍ਰਾਰਥੀ ਵਲੋਂ ਦਰਖਾਸਤ ਮਿਤੀ : 28.04.2020 ਰਾਹੀਂ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਜਲੰਧਰ ਪਾਸੋਂ ਸੂਚਨਾ ਮੰਗੀ ਗਈ ਸੀ, ਪਰੰਤੂ ਉਸਨੂੰ ਇਸ ਸਬੰਧੀ ਅੱਜ ਤੱਕ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਅਪੀਲਕਰਤਾ ਵਲੋਂ ਉਸਨੂੰ ਸੂਚਨਾ ਦਿਵਾਉਣ ਲਈ ਬੇਨਤੀ ਕੀਤੀ ਗਈ ਹੈ।

ਇਸ ਤੋਂ ਇਲਾਵਾ ਅਪੀਲਕਰਤਾ ਵਲੋਂ ਦਰਖਾਸਤ ਮਿਤੀ : 17.07.2020 ਰਾਹੀਂ ਬੇਨਤੀ ਕੀਤੀ ਗਈ ਕਿ ਉਸ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਮੰਡਲ ਜਲੰਧਰ ਪਾਸੋਂ ਸੂਚਨਾ ਮੰਗੀ ਗਈ ਸੀ, ਪਰੰਤੂ ਉਸਨੂੰ ਇਹ ਸੂਚਨਾ ਅੱਜ ਤੱਕ ਪ੍ਰਾਪਤ ਨਹੀਂ ਹੋਈ। ਪ੍ਰਾਰਥੀ ਵਲੋਂ ਆਪਣੀ ਦਰਖਾਸਤ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਉਸ ਵਲੋਂ ਦਿੱਤੀ ਗਈ ਦਰਖਾਸਤ ਦੇ ਸਬੰਧ ਵਿੱਚ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਦਸੂਹਾ ਤੋਂ ਪੱਤਰ ਨੰ : 249, ਮਿਤੀ : 16.07.2020 ਜੋ ਕਿ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਹੁਸ਼ਿਆਰਪੁਰ ਨੂੰ ਐਡਰੈਸ ਹੈ,

.........2.........

ਦੀ ਕਾਪੀ ਪ੍ਰਾਰਥੀ ਨੂੰ ਭੇਜਦੇ ਹੋਏ ਸੂਚਨਾ ਪ੍ਰਾਪਤ ਕਰਨ ਲਈ ਲਿਖਿਆ ਗਿਆ। ਪ੍ਰਾਰਥੀ ਵਲੋਂ ਲਿਖਿਆ ਗਿਆ ਹੈ ਕਿ ਪਤਾ ਨਹੀਂ ਉਸਦੀ ਦਰਖਾਸਤ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਦਸੂਹਾ ਦਫਤਰ ਕਿਵੇ ਪੰਹੁਚ ਗਈ।

ਮਿਤੀ : 07.08.2020 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਦੇ ਬੀਹਾਫ ਤੇ ਸ੍ਰੀ ਸੁਰਜੀਤ ਸਿੰਘ ਹਾਜਰ ਆਇਆ। ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਕਿਲ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਨੂੰ ਹਦਾਇਤ ਕੀਤੀ ਗਈ ਕਿ ਮਿਤੀ : 31.08.2020 ਨੂੰ ਅਪੀਲ ਦੀ ਅਗਲੀ ਸੁਣਵਾਈ ਦੌਰਾਨ ਹਾਜਰ ਆ ਕੇ ਆਪਣਾ ਜਵਾਬ ਪੇਸ਼ ਕੀਤਾ ਜਾਵੇ ਅਤੇ ਪ੍ਰਾਰਥੀ ਨੂੰ ਸੂਚੱਨਾ ਮੁਹੱਈਆ ਕਰਵਾਉਣ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਰਿਕਾਰਡ ਪੇਸ਼ ਕੀਤਾ ਜਾਵੇ।

ਇਸ ਅਪੀਲ ਦੀ ਸੁਣਵਾਈ ਦੌਰਾਨ ਕੋਵਿਡ-19 ਦਾ ਪ੍ਰਕੋਪ ਵੱਧਣ ਕਾਰਨ ਬਿਮਾਰੀ ਦੀ ਰੋਕਥਾਮ ਵਾਸਤੇ ਪੰਜਾਬ ਸਰਕਾਰ ਵਲੋਂ ਜਾਰੀ ਆਦੇਸ਼ਾਂ ਅਨੁਸਾਰ ਪੰਜਾਬ ਵਿੱਚ ਬੱਸਾਂ/ ਗੱਡੀਆਂ ਆਦਿ ਚੱਲਣ ਤੇ ਰੋਕ ਲਗਾ ਦਿੱਤੀ ਗਈ ਅਤੇ ਦਫਤਰਾਂ ਵਿੱਚ 50 ਪ੍ਰਤੀਸ਼ਤ ਕਰਮਚਾਰੀਆਂ ਨੂੰ ਹਾਜਰ ਆਉਣ ਲਈ ਆਦੇਸ਼ ਜਾਰੀ ਕੀਤੇ ਗਏ ਤਾਂ ਕਿ ਇਸ ਬਿਮਾਰੀ ਤੋਂ ਬਚਿਆ ਜਾ ਸਕੇ। ਬਿਮਾਰੀ ਦੇ ਪ੍ਰਕੋਪ ਅਤੇ ਸਰਕਾਰ ਵਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਕੁੱਝ ਸਮੇਂ ਇਸ ਅਪੀਲ ਦੀ ਸੁਣਵਾਈ ਨਹੀਂ ਕੀਤੀ ਜਾ ਸਕੀ। ਮਿਤੀ : 25.09.2020 ਨੂੰ ਇਸ ਅਪੀਲ ਦੀ ਸੁਣਵਾਈ ਵਾਸਤੇ ਅਗਲੀ ਮਿਤੀ ਨਿਯਤ ਕੀਤੀ ਗਈ।

ਮਿਤੀ : 25.09.2020 ਨੂੰ ਉਪ-ਰਜਿਸਟਰਾਰ (ਪਬਕਿਲ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਵਲੋਂ ਸ੍ਰੀ ਹਰਸੁਖਜੀਤ ਸਿੰਘ, ਜੂਨੀਅਰ ਸਹਾਇਕ ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਬਲਾਚੌਰ ਹਾਜਰ ਆਇਆ ਅਤੇ ਉਸ ਵਲੋਂ ਉਪ-ਰਜਿਸਟਰਾਰ (ਪਬਕਿਲ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਦਾ ਜਵਾਬ ਪੇਸ਼ ਕੀਤਾ ਗਿਆ। ਜਵਾਬ ਅਨੁਸਾਰ ਦਫਤਰ ਦੇ ਪੱਤਰ ਨੰ : ਸੁਪ:/ ਡੀ.ਆਰ.ਐਨ./ 1096, ਮਿਤੀ : 11.06.2020 ਰਾਹੀਂ ਪ੍ਰਾਰਥੀ ਨੂੰ ਲਿਖਿਆ ਗਿਆ ਸੀ ਕਿ ਆਰ.ਟੀ.ਆਈ.ਐਕਟ-2005 ਅਨੁਸਾਰ ਪ੍ਰਾਰਥੀ ਨੂੰ ਪ੍ਰਸ਼ਨ- ਉੱਤਰ ਦੇ ਰੂਪ ਵਿੱਚ ਸੂਚਨਾ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਇਲਾਵਾ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, ਰੂਲਜ਼ ਅਤੇ ਹਰ ਕਿਸਮ ਦੀਆਂ ਸਭਾਵਾਂ ਦੇ ਬਾਈਲਾਜ਼ ਅਤੇ ਵਿਭਾਗ/ ਸਰਕਾਰ ਵਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਆਦਿ ਕਿਤਾਬਚੇ ਦੇ ਰੂਪ ਵਿੱਚ ਪਨਕੋਫੈਡ 49-ਇੰਡਸਟਰੀਅਲ ਏਰੀਆ, ਫੇਜ਼-1, ਚੰਡੀਗੜ ਵਿਖੇ ਉਪਲਬੱਧ ਹਨ, ਜੋ ਬਣਦੀ ਕੀਮਤ ਅਦਾ ਕਰਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਾਂ ਵਿਭਾਗ ਦੀ ਵੈਬਸਾਈਟ punjabcooperation.gov.in ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਉਪ-ਰਜਿਸਟਰਾਰ (ਪਬਕਿਲ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਵਲੋਂ ਇਹ ਅਪੀਲ ਦਾਖਲ ਦਫਤਰ ਕਰਨ ਲਈ ਬੇਨਤੀ ਕੀਤੀ ਗਈ ਹੈ।

ਪ੍ਰਾਰਥੀ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਜਲੰਧਰ ਮੰਡਲ, ਜਲੰਧਰ ਨੂੰ ਦਿੱਤੀ ਗਈ ਦਰਖਾਸਤ ਮਿਤੀ : 28.04.2020 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਾਲ ਸਬੰਧਤ ਹੋਣ ਕਾਰਨ ਆਰ.ਟੀ.ਆਈ. ਐਕਟ-2005 ਦੇ ਸੈਕਸ਼ਨ 6(3) ਤਹਿਤ ਇਸ ਦਫਤਰ ਦੇ ਪੱਤਰ ਨੰ: ਸੀ. ਸਹਾਇਕ (ਅਮਲਾ)/ ਸੰ:ਰ:ਜ:/ 2285, ਮਿਤੀ : 08.06.2020 ਰਾਹੀਂ ਉਪ-ਰਜਿਸਟਰਾਰ (ਪਬਕਿਲ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਨੂੰ ਟਰਾਂਸਫਰ ਕਰਦੇ ਹੋਏ ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਉਸਨੂੰ ਡਲਿਵਰ ਕਰਾਉਣ ਹਿੱਤ ਭੇਜੀ ਗਈ। ਕੋਵਿਡ-19 ਦਾ ਪ੍ਰਕੋਪ ਚਲਦੇ ਹੋਣ ਕਾਰਨ ਸਰਕਾਰ ਵਲੋਂ ਜਾਰੀ ਹਦਾਇਤਾਂ ਅਨੁਸਾਰ ਦਫਤਰਾਂ

........3........

ਦਾ ਜਿਆਦਾਤਰ ਕੰਮ ਆੱਨ-ਲਾਈਨ ਚੱਲ ਰਿਹ ਸੀ, ਜਿਸ ਕਾਰਨ ਇਸ ਦਫਤਰ ਵਲੋਂ ਜਾਰੀ ਪੱਤਰ ਮਿਤੀ : 08.06.2020 ਡੀਲ ਕਰਨ ਉਪਰੰਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ) ਸਹਿਕਾਰੀ ਸਭਾਵਾਂ ਸ਼ਹੀਦ ਭਗਤ ਸਿੰਘ ਨਗਰ ਨੂੰ ਭੇਜਣ ਹਿੱਤ ਦਫਤਰ ਦੇ ਅਮਲਾ ਮਾਮਲਿਆਂ ਸਬੰਧੀ ਵੱਟਸ ਐੱਪ ਗਰੁੱਪ ਤੇ ਪਾਇਆ ਗਿਆ। ਇਹ ਪੱਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਦਸੂਹਾ ਵਲੋਂ ਡੀਲ ਕਰ ਲਿਆ ਗਿਆ, ਜੱਦਕਿ ਉਸ ਦਫਤਰ ਦਾ ਇਸ ਨਾਲ ਕੋਈ ਸਬੰਧ ਨਹੀਂ ਸੀ।

ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਮਿਤੀ : 28.04.2020 ਰਾਹੀਂ ਮੰਗੀ ਗਈ ਸੂਚਨਾ ਹਾਂ ਜਾਂ ਨਾ ਵਿੱਚ ਮੰਗੀ ਗਈ ਹੈ। ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 02 ਤਹਿਤ ਪ੍ਰਸ਼ਨ-ਉੱਤਰ ਵਾਲੀ ਸੂਚਨਾ ਪ੍ਰਾਰਥੀ ਨੂੰ ਮੁਹੱਈਆ ਨਹੀਂ ਕਰਵਾਈ ਜਾ ਸਕਦੀ ਹੈ। ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਪਹਿਲਾਂ ਹੀ public domain ਵਿੱਚ ਹੈ। ਇਸ ਲਈ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਨਾਲ ਸਬੰਧਤ ਸੂਚਨਾ ਜਿਵੇਂ ਕਿ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ, ਰੂਲਜ਼ ਅਤੇ ਹਰ ਕਿਸਮ ਦੀਆਂ ਸਭਾਵਾਂ ਦੇ ਬਾਈਲਾਜ਼ ਅਤੇ ਵਿਭਾਗ/ ਸਰਕਾਰ ਵਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਆਦਿ ਕਿਤਾਬਚੇ ਦੇ ਰੂਪ ਵਿੱਚ ਪਨਕੋਫੈਡ 49-ਇੰਡਸਟਰੀਅਲ ਏਰੀਆ, ਫੇਜ਼-1, ਚੰਡੀਗੜ ਵਿਖੇ ਉਪਲਬੱਧ ਹਨ, ਜੋ ਬਣਦੀ ਕੀਮਤ ਅਦਾ ਕਰਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਾਂ ਵਿਭਾਗ ਦੀ ਵੈਬਸਾਈਟ punjabcooperation.gov.in ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਇਸ ਲਈ ਅਪੀਲ ਖਾਰਜ (dispose off) ਕੀਤੀ ਜਾਂਦੀ ਹੈ।

ਇਸ ਅਦਾਲਤ ਵਲੋਂ ਕੀਤੇ ਗਏ ਫੈਸਲਾ ਨਾਲ ਅਪੀਲਕਰਤਾ ਅਗਰ ਸੰਤੁਸ਼ਟ ਨਾ ਹੋਵੇ ਤਾਂ ਉਹ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਮਾਨਯੋਗ ਸਟੇਟ ਇਨਫਰਮੇਸ਼ਨ ਕਮਿਸ਼ਨ, ਪੰਜਾਬ, ਚੰਡੀਗੜ ਜੀ ਪਾਸ ਦੂਸਰੀ ਅਪੀਲ ਦਾਇਰ ਕਰ ਸਕਦਾ ਹੈ।

ਮਿਤੀ : 25.09.2020.

(ਐਪੀਲਾਂਟ ਅਥਾਰਟੀ)
ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।